# ਵਿੱਤੀ ਸਲਾਹਕਾਰ ਚੁਣਨਾ

## ਤੁਹਾਨੂੰ ਇੱਕ ਸੰਭਾਵਿਤ ਸਲਾਹਕਾਰ ਨੂੰ ਕੀ ਪੁੱਛਣਾ ਚਾਹੀਦਾ ਹੈ:

- **ਉਨਹ੍ਾਂ ਦੀਆਂ ਯੋਗਤਾਵਾਂ** - ਉਹ ਕਿੱਥੇ ਰਜਿਸਟਰਡ ਹਨ? ਉਨਹ੍ਾਂ ਕੋਲ ਕਿਹੜੇ ਅਹੁਦੇ ਹਨ?
- **ਉਨਹ੍ਾਂ ਦਾ ਤਜਰਬਾ** - ਉਹ ਸਲਾਹਕਾਰ ਵਜੋਂ ਕਿੰਨੇ ਸਮੇਂ ਤੋਂ ਕੰਮ ਕਰ ਰਹੇ ਹਨ? ਕੀ ਉਨਹ੍ਾਂ ਕੋਲ ਉਤਪਾਦਾਂ ਦੀ ਇੱਕ ਸ਼੍ਰੇਣੀ ਵਿੱਚ ਤਜ਼ਰਬਾ ਹੈ ਜਾਂ ਕੁਝ ਵਿੱਚ ਮੁਹਾਰਤ ਹੈ?
- **ਉਨਹ੍ਾਂ ਦੇ ਉਤਪਾਦ ਅਤੇ ਸੇਵਾਵਾਂ** - ਉਹ ਕਿਸ ਕਿਸਮ ਦੇ ਉਤਪਾਦ ਅਤੇ ਸੇਵਾਵਾਂ ਪੇਸ਼ ਕਰਦੇ ਹਨ? ਕੀ ਉਤਪਾਦਾਂ ਜਾਂ ਸੇਵਾਵਾਂ ਦੀ ਉਪਲਬਧਤਾ 'ਤੇ ਕੋਈ ਸੀਮਾਵਾਂ ਹਨ ਜੋ ਉਹ ਪੇਸ਼ ਕਰ ਸਕਦੇ ਹਨ?
- **ਉਹਨਾਂ ਦੀਆਂ ਫੀਸਾਂ** - ਉਹਨਾਂ ਨੂੰ ਕਿਵੇਂ ਭੁਗਤਾਨ ਕੀਤਾ ਜਾਂਦਾ ਹੈ - ਤਨਖਾਹ, ਕਮਿਸ਼ਨ, ਫੀਸ ਜਾਂ ਮਿਸ਼ਰਨ? ਕੀ ਉਹ ਹਰ ਵਾਰ ਵਿੱਕਰੀ ਫੀਸ ਜਾਂ ਕਮਿਸ਼ਨ ਪਰ੍ਾਪਤ ਕਰਦੇ ਹਨ ਜਦੋਂ ਉਨਹ੍ਾਂ ਦਾ ਗਰ੍ਾਹਕ ਕੋਈ ਨਿਵੇਸ਼ ਖਰੀਦਦਾ ਜਾਂ ਵੇਚਦਾ ਹੈ?
- **ਉਨਹ੍ਾਂ ਦੇ ਨਿਵੇਸ਼ ਦੀ ਪਹੁੰਚ** - ਕੀ ਉਹ ਨਿਵੇਸ਼ ਖਰੀਦਦੇ ਅਤੇ ਰੱਖਦੇ ਹਨ ਜਾਂ ਅਕਸਰ ਟਰ੍ੇਡ ਕਰਦੇ ਹਨ? ਕੀ ਉਹ ਵਿਸ਼ੇਸ਼ ਉਤਪਾਦਾਂ 'ਤੇ ਕੇਂਦਰ੍ਤ ਕਰਦੇ ਹਨ ਜਾਂ ਸੰਪੂਰਨ ਨਜ਼ਰੀਆ ਲੈਂਦੇ ਹਨ?
- **ਉਨਹ੍ਾਂ ਦੀ ਸੰਚਾਰ ਸ਼ੈਲੀ** - ਉਹ ਤੁਹਾਡੇ ਨਾਲ ਕਿੰਨੀ ਵਾਰ ਸੰਪਰਕ ਕਰਨਗੇ ਜਾਂ ਤੁਹਾਡੇ ਨਾਲ ਮਿਲਣਗੇ? ਤੁਸੀ ਕਿੰਨੀ ਵਾਰ ਇਕੱਠੇ ਤੁਹਾਡੇ ਨਿਵੇਸ਼ਾਂ ਦੀ ਸਮੀਖਿਆ ਕਰੋਗੇ?
- **ਉਨਹ੍ਾਂ ਦੇ ਗਾਹਕ** - ਕੀ ਉਹ ਤੁਹਾਡੇ ਵਰਗੇ ਹਨ? ਕੀ ਤੁਸੀ ਉਨਹ੍ਾਂ ਕੁਝ ਗਾਹਕਾਂ ਨਾਲ ਸੰਪਰਕ ਕਰ ਸਕਦੇ ਹੋ ਜਿਨਹ੍ਾਂ ਨੇ ਉਨਹ੍ਾਂ ਨਾਲ 5 ਸਾਲਾਂ ਤੋਂ ਕੰਮ ਕੀਤਾ ਹੈ?

## ਇੱਕ ਸਲਾਹਕਾਰ ਚੁਣਨ ਤੋਂ ਬਾਅਦ, ਇਹ ਚਰਚਾ ਕਰਨ ਲਈ ਤਿਆਰ ਰਹੋ:

- **ਤੁਹਾਡੇ ਵਿੱਤੀ ਟੀਚੇ** - ਤੁਸੀ ਕਿਸ ਲਈ ਬਚਾਉਣਾ ਚਾਹੁੰਦੇ ਹੋ ਜਾਂ ਨਿਵੇਸ਼ ਕਰਨਾ ਚਾਹੁੰਦੇ ਹੋ? ਤੁਹਾਨੂੰ ਪੈਸੇ ਦੀ ਜ਼ਰੂਰਤ ਕਦੋਂ ਪੈਣ ਦਾ ਅੰਦਾਜ਼ਾ ਹੈ?
- **ਤੁਹਾਡੇ ਵਿੱਤੀ ਹਾਲਾਤ** - ਤੁਹਾਡੀ ਆਮਦਨੀ, ਰੁਜ਼ਗਾਰ ਦੀ ਸਥਿਤੀ, ਕੁਲ ਸੰਪਤੀ ਕਿੰਨੀ ਹੈ? ਤੁਹਾਡੇ ਕੋਲ ਬਚਾਉਣ ਜਾਂ ਨਿਵੇਸ਼ ਕਰਨ ਲਈ ਕਿੰਨਾ ਹੈ?
- **ਤੁਹਾਡੀ ਜੋਖਮ ਸਹਿਣਸ਼ੀਲਤਾ** - ਤੁਸੀ ਕਿੰਨਾ ਜੋਖਮ ਲੈਣ ਵਿੱਚ ਸਹਿਜ ਮਹਿਸੂਸ ਕਰਦੇ ਹੋ? ਕੀ ਤੁਸੀ ਸੰਭਾਵਤ ਤੌਰ 'ਤੇ ਉੱਚੇ ਰਿਟਰਨ ਦੇ ਬਦਲੇ ਆਪਣੇ ਕੁਝ ਜਾਂ ਸਾਰੇ ਪੈਸੇ ਗੁਆਉਣ ਵਿਚ ਸਹਿਜ ਮਹਿਸੂਸ ਕਰੋਗੇ?
- **ਨਿਵੇਸ਼ ਦੇ ਫੈਸਲਿਆਂ ਤੇ ਤੁਹਾਡਾ ਨਿਯੰਤਰਣ** - ਤੁਸੀ ਆਪਣੇ ਖੁਦ ਦੇ ਨਿਵੇਸ਼ਾਂ ਦੇ ਪਰ੍ਬੰਧਨ ਵਿੱਚ ਕਿੰਨੀ ਕੁ ਸ਼ਮੂਲੀਅਤ ਚਾਹੁੰਦੇ ਹੋ?
- **ਤੁਹਾਡੇ ਖਰਚੇ** - ਕਿਹੜੇ ਖਰਚੇ ਅਤੇ ਫੀਸਾਂ ਹਨ ਜੋ ਨਿਵੇਸ਼ਾਂ ਤੇ ਲਾਗੂ ਹੋਣਗੀਆਂ? ਸਲਾਹਕਾਰ ਅਤੇ ਉਹਨਾਂ ਦੀ ਫਰਮ ਨੂੰ ਕਿਵੇਂ ਅਦਾਇਗੀ ਕੀਤੀ ਜਾਂਦੀ ਹੈ?

**GetSmarterAboutMoney.ca 'ਤੇ ਹੋਰ ਜਾਣੋ**


**Ontario Securities Commission**
20 Queen St. W., 22nd Floor, Toronto, Ontario M5H 3S8
**Tel:** 1-877-785-1555 **Email:** inquiries@osc.gov.on.ca